ਮਿੱਠੇ ਬੱਚੇ:- "ਮਿੱਠੇ ਬੱਚੇ - ਤੁਹਾਨੂੰ ਵੰਡਰ ਖਾਣਾ ਚਾਹੀਦਾ ਹੈ ਕਿ ਸਾਨੂੰ ਕਿੰਨਾ ਮਿੱਠਾ ਬਾਪ ਮਿਲਿਆ ਹੈ ਜਿਸ ਨੂੰ ਕੋਈ ਵੀ ਆਸ ਨਹੀਂ ਅਤੇ ਦਾਤਾ ਕਿੰਨਾ ਜ਼ਬਰਦਸਤ ਹੈ, ਲੈਣ ਦੀ ਜ਼ਰਾ ਵੀ ਤਮੰਨਾ ਨਹੀਂ।"

ਪ੍ਰਸ਼ਨ:- ਬਾਪ ਦਾ ਵੰਡਰਫੁਲ ਪਾਰਟ ਕਿਹੜਾ ਹੈ? 100 ਪ੍ਰਤੀਸ਼ਤ ਨਿਸ਼ਕਾਮੀ ਬਾਪ ਕਿਸ ਕਾਮਨਾ ਨਾਲ ਧਰਤੀ ਤੇ ਆਇਆ ਹੈ?

ਉੱਤਰ:- ਬਾਬਾ ਦਾ ਵੰਡਰਫੁਲ ਪਾਰਟ ਹੈ ਪੜ੍ਹਾਉਣ ਦਾ। ਉਹ ਸਰਵਿਸ ਦੇ ਲਈ ਹੀ ਆਉਂਦੇ ਹਨ। ਪਾਲਣਾ ਕਰਦੇ ਹਨ। ਪੁਚਕਾਰ ਨਾਲ ਕਹਿੰਦੇ ਹਨ ਮਿੱਠੇ ਬੱਚੇ ਇਹ ਕਰੋ। ਗਿਆਨ ਸੁਣਾਉਂਦੇ ਹਨ ਲੈਂਦੇ ਕੁਝ ਵੀ ਨਹੀਂ। 100 ਪ੍ਰਤੀਸ਼ਤ ਨਿਸ਼ਕਾਮੀ ਬਾਪ ਨੂੰ ਕਾਮਨਾ ਹੋਈ ਹੈ ਮੈਂ ਆਪਣੇ ਬੱਚਿਆਂ ਨੂੰ ਜਾਕੇ ਰਸਤਾ ਦੱਸਾਂ। ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਸਮਾਚਾਰ ਸੁਣਾਵਾਂ। ਬੱਚੇ ਗੁਣਵਾਨ ਬਣਨ... ਬਾਪ ਦੀ ਇਹ ਹੀ ਕਾਮਨਾ ਹੈ।

ਓਮ ਸ਼ਾਂਤੀ। ਮਿੱਠੇ-ਮਿੱਠੇ ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਇਹੋ ਜਿਹਾ ਮਿਲਿਆ ਹੋਇਆ ਹੈ ਜੋ ਕੁਝ ਲੈਂਦਾ ਨਹੀਂ, ਕੁਝ ਖਾਂਦਾ ਨਹੀਂ। ਕੁਝ ਪੀਂਦਾ ਨਹੀਂ। ਤਾਂ ਉਨ੍ਹਾਂ ਨੂੰ ਕੋਈ ਆਸ ਜਾਂ ਉਮੀਦ ਨਹੀਂ ਹੈ ਹੋਰ ਮਨੁੱਖਾਂ ਨੂੰ ਕੋਈ ਨਾ ਕੋਈ ਆਸ ਜਰੂਰ ਹੁੰਦੀ ਹੈ। ਅਮੀਰ ਬਣੀਏ,ਫਲਾਣਾ ਬਣੀਏ। ਉਹਨ੍ਹਾਂ ਨੂੰ ਕੋਈ ਆਸ ਨਹੀਂ, ਉਹ ਅਭੋਗਤਾ ਹਨ। ਤੁਸੀਂ ਸੁਣਿਆ ਸੀ ਇੱਕ ਸਾਧੂ ਕਹਿੰਦਾ ਹੈ ਮੈਂ ਕੁਝ ਖਾਂਦਾ ਪੀਂਦਾ ਨਹੀਂ। ਇਹ ਤਾਂ ਜਿਵੇਂ ਕਾਪੀ ਕਰਦੇ ਹਨ। ਸਾਰੀ ਦੁਨੀਆਂ ਵਿੱਚ ਇੱਕ ਹੀ ਬਾਪ ਹੈ ਜੋ ਕੁਝ ਲੈਂਦਾ ਕਰਦਾ ਨਹੀਂ ਤਾਂ ਬੱਚਿਆਂ ਨੂੰ ਖ਼ਿਆਲ ਕਰਨਾ ਚਾਹੀਦਾ ਹੈ ਕਿ ਅਸੀਂ ਕਿਸ ਦੇ ਬੱਚੇ ਹਾਂ। ਬਾਪ ਕਿਵੇਂ ਆ ਕੇ ਇਨ੍ਹਾਂ ਵਿੱਚ ਦਾਖ਼ਲ ਹੁੰਦੇ ਹਨ। ਖ਼ੁਦ ਦੀ ਕੋਈ ਇੱਛਾ ਨਹੀਂ। ਖ਼ੁਦ ਹਨ ਗੁਪਤ। ਉਨ੍ਹਾਂ ਦੀ ਜੀਵਨ ਕਹਾਣੀ ਨੂੰ ਤੁਸੀਂ ਬੱਚੇ ਹੀ ਜਾਣਦੇ ਹੋ। ਤੁਹਾਡੇ ਵਿੱਚ ਬਹੁਤ ਘੱਟ ਹਨ ਜੋ ਪੂਰੀ ਤਰ੍ਹਾਂ ਸਮਝਦੇ ਹਨ। ਦਿਲ ਵਿੱਚ ਆਉਣਾ ਚਾਹੀਦਾ ਹੈ ਕਿ ਸਾਨੂੰ ਇਹੋ ਜਿਹਾ ਬਾਪ ਮਿਲਿਆ ਹੈ, ਜੋ ਨਾ ਕੁਝ ਖਾਂਦਾ ਹੈ, ਨਾ ਪੀਂਦਾ ਹੈ, ਨਾ ਲੈਂਦਾ ਹੈ। ਉਨ੍ਹਾਂ ਨੂੰ ਕੁਝ ਵੀ ਨਹੀਂ ਚਾਹੀਦਾ। ਅਜਿਹਾ ਤਾਂ ਕੋਈ ਹੋ ਨਹੀਂ ਸਕਦਾ। ਇਕ ਹੀ ਨਿਰਾਕਾਰ ਉੱਚੇ ਤੋਂ ਉੱਚਾ ਭਗਵਾਨ ਹੀ ਗਾਇਆ ਹੋਇਆ ਹੈ। ਉਨ੍ਹਾਂ ਨੂੰ ਹੀ ਸਾਰੇ ਯਾਦ ਕਰਦੇ ਹਨ। ਉਹ ਤੁਹਾਡਾ ਬਾਪ ਵੀ ਉਪਭੋਗਤਾ, ਟੀਚਰ ਵੀ ਉਪਭੋਗਤਾ ਤਾਂ ਸਤਿਗੁਰੂ ਵੀ ਉਪਭੋਗਤਾ। ਕੁਝ ਵੀ ਲੈਂਦੇ ਨਹੀਂ, ਲੈ ਕੇ ਕੀ ਕਰਨਗੇ! ਇਹ ਵੀ ਵੰਡਰਫੁਲ ਬਾਪ ਹੈ। ਆਪਣੇ ਲਈ ਜ਼ਰਾ ਵੀ ਆਸ ਨਹੀਂ। ਅਜਿਹਾ ਕੋਈ ਮਨੁੱਖ ਹੁੰਦਾ ਨਹੀਂ। ਮਨੁੱਖ ਨੂੰ ਤਾਂ ਖਾਣਾ ਕੱਪੜਾ ਆਦਿ ਸਭ ਚਾਹੀਦਾ ਹੈ। ਮੈਨੂੰ ਕੁਝ ਨਹੀਂ ਚਾਹੀਦਾ। ਮੈਨੂੰ ਤਾਂ ਬੁਲਾਉਂਦੇ ਹਨ ਕਿ ਆਕੇ ਪਤਿਤ ਨੂੰ ਪਾਵਨ ਬਣਾਓ। ਮੈਂ ਹਾਂ ਨਿਰਾਕਾਰ ਮੈਂ ਕੁਝ ਨਹੀਂ ਲੈਂਦਾ। ਮੇਰਾ ਆਪਣਾ ਤਾਂ ਆਕਾਰ ਹੀ ਨਹੀਂ। ਮੈਂ ਸਿਰਫ਼ ਇਸ ਵਿੱਚ ਪ੍ਰਵੇਸ਼ ਕਰਦਾ ਹਾਂ। ਬਾਕੀ ਖਾਂਦੀ ਪੀਂਦੀ ਇਨ੍ਹਾਂ ਦੀ ਆਤਮਾ ਹੈ। ਮੇਰੀ ਆਤਮਾ ਨੂੰ ਕੋਈ ਵੀ ਆਸ ਨਹੀਂ। ਮੈਂ ਸਰਵਿਸ ਲਈ ਹੀ ਆਉਂਦਾ ਹਾਂ। ਸੋਚਣਾ ਹੁੰਦਾ ਹੈ, ਕਿਵੇਂ ਦੀ ਅਨੋਖੀ ਖੇਡ ਹੈ। ਇਕ ਬਾਪ ਸਭ ਦਾ ਪਿਆਰਾ ਹੈ। ਉਨ੍ਹਾਂ ਨੂੰ ਜ਼ਰਾ ਵੀ ਆਸ ਨਹੀਂ। ਸਿਰਫ਼ ਆਕੇ ਪੜ੍ਹਾਉਂਦੇ ਹਨ, ਪਾਲਣਾ ਕਰਦੇ ਹਨ, ਪੁਚਕਾਰ ਦਿੰਦੇ ਹਨ-- ਮਿੱਠੇ ਬੱਚੇ ਇਹ ਕਰੋ। ਗਿਆਨ ਸੁਣਾਉਂਦੇ ਹਨ, ਲੈਂਦੇ ਕੁਝ ਵੀ ਨਹੀਂ। ਕਰਨ ਕਰਾਵਨਹਾਰ ਬਾਪ ਹੀ ਹੈ। ਸਮਝੋ ਕੁਝ ਸ਼ਿਵਬਾਬਾ ਨੂੰ ਦਿੱਤਾ। ਉਹ ਕੀ ਕਰਨਗੇ। ਟੋਲੀ ਲੈ ਕੇ ਖਾਣਗੇ? ਸ਼ਿਵਬਾਬਾ ਨੂੰ ਸ਼ਰੀਰ ਹੀ ਨਹੀਂ। ਤਾਂ ਲੈਣ ਕਿੱਦਾਂ? ਅਤੇ ਸਰਵਿਸ ਵੇਖੋ ਕਿੰਨੀ ਕਰਦੇ ਹਨ। ਸਭ ਨੂੰ ਚੰਗੀ-ਚੰਗੀ ਮੱਤ ਦੇ ਕੇ ਗੁਲ - ਗੁਲ ਬਣਾਉਂਦੇ ਹਨ। ਬੱਚਿਆਂ ਨੂੰ ਵੰਡਰ ਖਾਣਾ (ਹੈਰਾਨ ਹੋਣਾ) ਚਾਹੀਦਾ ਹੈ। ਬਾਪ ਤਾਂ ਹੈ ਹੀ ਦਾਤਾ। ਦਾਤਾ ਵੀ ਕਿੰਨਾ ਜ਼ਬਰਦਸਤ, ਹੋਰ ਕੋਈ ਤਮੰਨਾ ਨਹੀਂ। ਬ੍ਰਹਮਾ ਨੂੰ ਤਾਂ ਭਾਵੇਂ ਫੁਰਨਾ ਹੈ, ਕਿ ਇੰਨੇ ਬੱਚਿਆਂ ਦੀ ਸੰਭਾਲ ਕਰਨੀ ਹੈ, ਖਵਾਉਣਾ ਪਿਉਣਾ ਹੈ, ਪੈਸਾ ਜੋ ਵੀ ਆਉਂਦਾ ਹੈ ਉਹ ਸ਼ਿਵਬਾਬਾ ਦੇ ਲਈ ਆਉਂਦਾ ਹੈ। ਅਸੀਂ ਤਾਂ ਸਭ ਕੁਝ ਸਵਾਹਾ ਕਰ ਦਿੱਤਾ। ਬਾਪ ਦੀ ਸ਼੍ਰੀਮਤੀ ਤੇ ਚਲ ਆਪਣਾ ਸਭ ਕੁਝ ਸਫ਼ਲ ਕਰ ਭਵਿੱਖ ਬਣਾਉਂਦੇ ਹਾਂ। ਬਾਪ ਤਾਂ 100 ਪ੍ਰਤੀਸ਼ਤ ਨਿਸ਼ਕਾਮੀ ਹਨ। ਸਿਰਫ਼ ਇਹ ਹੀ ਫੁਰਨਾ ਹੈ ਕਿ ਸਭ ਨੂੰ ਜਾ ਕੇ ਰਸਤਾ ਦੱਸਾਂ। ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਸਮਾਚਾਰ ਸੁਣਾਉ ਹੋਰ ਤਾਂ ਕੋਈ ਜਾਣਦੇ ਨਹੀਂ। ਤੁਸੀਂ ਬੱਚੇ ਹੀ ਜਾਣਦੇ ਹੋ। ਬਾਪ ਟੀਚਰ ਦੇ ਰੂਪ ਵਿੱਚ ਪੜ੍ਹਾਉਂਦੇ ਹਨ। ਫੀਸ ਆਦਿ ਕੁਝ ਲੈਂਦੇ ਨਹੀਂ। ਤੁਸੀਂ ਸ਼ਿਵਬਾਬਾ ਦੇ ਨਾਮ ਤੇ ਲੈਂਦੇ ਹੋ। ਉਥੇ ਵਾਪਿਸ ਮਿਲਦਾ ਹੈ। ਬਾਬਾ ਦੀ ਇਹ ਤਮੰਨਾ ਹੈ ਕਿ ਅਸੀਂ ਨਰ ਤੋਂ ਨਾਰਾਇਣ ਬਣੀਏ? ਬਾਪ ਤਾਂ ਡਰਾਮੇ ਅਨੁਸਾਰ ਪੜ੍ਹਾਉਂਦੇ ਹਨ। ਇਵੇਂ ਨਹੀਂ ਕਿ ਉਨ੍ਹਾਂ ਨੂੰ ਆਸ ਹੈ ਕਿ ਅਸੀਂ ਉੱਚ ਤੋਂ ਉੱਚ ਤਖ਼ਤਨਸ਼ੀਨ ਬਣੀਏ। ਨਹੀਂ। ਸਾਰਾ ਮਦਾਰ ਹੈ ਪੜ੍ਹਾਈ ਤੇ ਅਤੇ ਦੈਵੀ ਗੁਣਾ ਤੇ ਅਤੇ ਫ਼ਿਰ ਦੂਸਰਿਆਂ ਨੂੰ ਵੀ ਪੜ੍ਹਾਉਣਾ ਹੈ। ਬਾਪ ਦੇਖਦੇ ਹਨ ਡਰਾਮਾ ਅਨੁਸਾਰ ਕਲਪ ਪਹਿਲਾਂ ਦੀ ਤਰ੍ਹਾਂ ਇਨ੍ਹਾਂ ਦਾ ਜੋ ਕੰਮ ਚੱਲਦਾ ਹੈ, ਸਾਖ਼ਸ਼ੀ ਹੋ ਕੇ ਵੇਖਦੇ ਹਨ। ਬੱਚਿਆਂ ਨੂੰ ਵੀ ਕਹਿੰਦੇ ਹਨ ਤੁਸੀਂ ਸਾਖ਼ਸ਼ੀ ਹੋ ਕੇ ਵੇਖੋ। ਖੁੱਦ ਨੂੰ ਹੀ ਵੇਖੋ, ਅਸੀਂ ਪੜ੍ਹਦੇ ਹਾਂ ਜਾਂ ਨਹੀਂ। ਸ਼੍ਰੀਮਤ ਤੇ ਚਲਦੇ ਹਾਂ ਜਾਂ ਨਹੀਂ। ਹੋਰਾਂ ਨੂੰ ਆਪ ਸਮਾਨ ਬਣਾਉਣ ਦੀ ਅਸੀਂ ਸਰਵਿਸ ਕਰਦੇ ਹਾਂ ਜਾ ਨਹੀਂ। ਬਾਪ ਤਾਂ ਇਨ੍ਹਾਂ ਦੇ ਮੁੱਖ ਦਾ ਲੋਨ ਲੈ ਕੇ ਬੋਲਦੇ ਹਨ। ਆਤਮਾ ਤਾਂ ਚੇਤੰਨ ਹੈ ਨਾ। ਮੁਰਦੇ ਵਿੱਚ ਤਾਂ ਬੋਲ ਨਾ ਸਕਣ। ਜਰੂਰ ਚੇਤੰਨ ਵਿਚ ਹੀ ਆਉਣਗੇ। ਤਾਂ ਬਾਪ ਕਿੰਨਾ ਨਿਸ਼ਕਾਮੀ ਹੈ, ਕੋਈ ਆਸ ਨਹੀਂ। ਲੌਕਿਕ ਬਾਪ ਤਾਂ ਸਮਝਦੇ ਹਨ ਬੱਚੇ ਵੱਡੇ ਹੋਣਗੇ ਤਾਂ ਫਿਰ ਮੈਨੂੰ ਖਵਾਉਣਗੇ। ਇਨ੍ਹਾਂ ਦੀ ਕੋਈ ਤਮੰਨਾ ਨਹੀਂ। ਜਾਣਦੇ ਹਨ ਮੇਰਾ ਡਰਾਮੇ ਵਿੱਚ ਪਾਰਟ ਹੀ ਅਜਿਹਾ ਹੈ, ਸਿਰਫ ਆਕੇ ਪੜ੍ਹਾਉਂਦਾ ਹਾਂ। ਇਹ ਵੀ ਨੂੰਧ ਹੈ। ਮਨੁੱਖ ਡਰਾਮੇ ਨੂੰ ਬਿਲਕੁੱਲ ਹੀ ਨਹੀਂ

ਜਾਣਦੇ।

ਤੁਹਾਨੂੰ ਬੱਚਿਆਂ ਨੂੰ ਇਹ ਯਕੀਨ ਹੈ ਬਾਪ ਹੀ ਸਾਨੂੰ ਪੜ੍ਹਾਉਂਦੇ ਹਨ। ਇਹ ਬ੍ਰਹਮਾ ਵੀ ਪੜ੍ਹਦੇ ਹਨ। ਜ਼ਰੂਰ ਇਹ ਸਭ ਤੋਂ ਵਧੀਆ ਪੜ੍ਹਦੇ ਹੋਣਗੇ। ਇਹ ਵੀ ਚੰਗਾ ਮਦਦਗਾਰ ਹੈ--ਸ਼ਿਵਬਾਬਾ ਦਾ। ਸਾਡੇ ਕੋਲ ਤਾਂ ਕੋਈ ਧਨ ਹੈ ਨਹੀਂ, ਬੱਚੇ ਹੀ ਧਨ ਦਿੰਦੇ ਹਨ ਅਤੇ ਲੈਂਦੇ ਹਨ। ਦੋ ਮੁੱਠੀ ਦਿੰਦੇ ਹਨ ਅਤੇ ਭਵਿੱਖ ਵਿੱਚ ਲੈਂਦੇ ਹਨ। ਕਿਸੇ ਦੇ ਕੋਲ ਕੁਝ ਹੈ ਨਹੀਂ, ਤਾਂ ਕੁਝ ਦਿੰਦੇ ਨਹੀਂ। ਬਾਕੀ ਹਾਂ, ਚੰਗਾ ਪੜ੍ਹਦੇ ਹਨ ਤਾਂ ਭਵਿੱਖ ਵਿੱਚ ਚੰਗਾ ਪਦ ਪਾਉਂਦੇ ਹਨ, ਇਹ ਵੀ ਬਹੁਤ ਥੋੜ੍ਹੇ ਹਨ, ਜਿਨ੍ਹਾਂ ਨੂੰ ਯਾਦ ਰਹਿੰਦਾ ਹੈ ਕਿ ਅਸੀਂ ਨਵੀਂ ਦੁਨੀਆ ਦੇ ਲਈ ਪੜ੍ਹ ਰਹੇ ਹਾਂ। ਇਹ ਯਾਦ ਰਹੇ ਤਾਂ ਵੀ ਮਨਮਨਾਭਵ ਹੈ। ਪ੍ਰੰਤੂ ਬਹੁਤ ਹਨ ਜੋ ਦੁਨਿਆਵੀ ਗੱਲਾਂ ਵਿੱਚ ਸਮਾਂ ਬਰਬਾਦ ਕਰਦੇ ਹਨ, ਬਾਬਾ ਕੀ ਪੜ੍ਹਾਉਂਦੇ ਹਨ, ਕਿਵੇਂ ਪੜ੍ਹਾਉਂਦੇ ਹਨ, ਕਿੰਨਾ ਉਚਾ ਪਦ ਪਾਉਣਾ ਹੈ, ਇਹ ਸਭ ਕੁਝ ਭੁੱਲ ਜਾਂਦੇ ਹਨ। ਆਪਸ ਵਿੱਚ ਹੀ ਲੜਦੇ ਝਗੜਦੇ ਸਮਾਂ ਬਰਬਾਦ ਕਰਦੇ ਰਹਿੰਦੇ ਹਨ। ਜੋ ਵੱਡਾ ਪੇਪਰ ਪਾਸ ਕਰਦੇ ਹਨ ਉਹ ਕਦੇ ਆਪਣਾ ਸਮਾਂ ਬਰਬਾਦ ਨਹੀਂ ਕਰਦੇ। ਚੰਗੀ ਤਰ੍ਹਾਂ ਪੜ੍ਹਨਗੇ ਸ਼੍ਰੀਮਤ ਤੇ ਚੱਲਣਗੇ। ਸ਼੍ਰੀਮਤ ਤੇ ਤਾਂ ਚੱਲਣਾ ਪਵੇ ਨਾ। ਬਾਪ ਕਹਿੰਦੇ ਹਨ ਤੁਸੀਂ ਤਾਂ ਨਾ ਫਰਮਾਂਬਰਦਾਰ ਹੋ। ਸ਼੍ਰੀਮਤ ਦਿੰਦਾ ਹਾਂ ਕਿ ਬਾਪ ਨੂੰ ਯਾਦ ਕਰੋ ਤਾਂ ਭੁਲ ਜਾਂਦੇ ਹੋ। ਇਹ ਤਾਂ ਕਮਜ਼ੋਰੀ ਕਹਾਂਗੇ। ਮਾਇਆ ਇੱਕ ਦਮ ਨੱਕ ਤੋਂ ਫੜ ਕੇ, ਡਸਕੇ ਸਿਰ ਤੇ ਬੈਠ ਜਾਂਦੀ ਹੈ। ਇਹ ਯੁੱਧ ਦਾ ਮੈਦਾਨ ਹੈ ਨਾ। ਚੰਗੇ- ਚੰਗੇ ਬੱਚਿਆਂ ਤੇ ਮਾਇਆ ਜਿੱਤ ਪਾ ਲੈਂਦੀ ਹੈ। ਫਿਰ ਨਾਮ ਕਿਸ ਦਾ ਬਦਨਾਮ ਹੁੰਦਾ ਹੈ? ਸ਼ਿਵਬਾਬਾ ਦਾ। ਗਾਇਨ ਵੀ ਹੈ ਗੁਰੂ ਦਾ ਨਿੰਦਕ ਠੋਰ ਨਾ ਪਾਏ। ਇਵੇਂ ਮਾਇਆ ਤੋਂ ਹਾਰਨ ਵਾਲੇ ਫਿਰ ਠੋਰ ਕਿਵੇਂ ਪਾਉਣਗੇ। ਆਪਣੇ ਕਲਿਆਣ ਦੇ ਲਈ ਬੁੱਧੀ ਚਲਾਉਣੀ ਚਾਹੀਦੀ ਹੈ ਕਿ ਅਸੀਂ ਕਿਵੇਂ ਪੁਰਸ਼ਾਰਥ ਕਰ ਬਾਬਾ ਤੋਂ ਵਰਸਾ ਲਈਏ। ਚੰਗੇ-ਚੰਗੇ ਮਹਾਂਰਥੀਆਂ ਵਰਗੇ ਬਣ ਕੇ ਸਭ ਨੂੰ ਰਸਤਾ ਦੱਸੀਏ। ਬਾਬਾ ਸਰਵਿਸ ਦੇ ਤਰੀਕੇ ਤਾਂ ਬਹੁਤ ਸੌਖੇ ਦੱਸਦੇ ਹਨ। ਬਾਪ ਕਹਿੰਦੇ ਹਨ ਤੁਸੀਂ ਮੈਨੂੰ ਬੁਲਾਉਂਦੇ ਆਏ ਹੋ, ਹੁਣ ਮੈਂ ਕਹਿੰਦਾ ਹਾਂ ਕਿ ਮੈਨੂੰ ਯਾਦ ਕਰੋ ਤਾਂ ਪਾਵਨ ਬਣ ਜਾਓਗੇ। ਪਾਵਨ ਦੁਨੀਆ ਦੇ ਚਿੱਤਰ ਹਨ ਨਾ। ਇਹ ਹਨ ਮੁੱਖ। ਇਥੇ ਏਮ ਅਬਜੈਕਟ ਰੱਖੀ ਜਾਂਦੀ ਹੈ। ਇਵੇਂ ਨਹੀਂ ਕਿ ਡਾਕਟਰੀ ਪੜ੍ਹਨੀ ਹੈ ਤਾਂ ਡਾਕਟਰ ਨੂੰ ਯਾਦ ਕਰਨਾ ਹੈ। ਬੇਰਿਸਟਰੀ ਪੜ੍ਹਨੀ ਹੈ ਤਾਂ ਬੇਰਿਸਟਰ ਨੂੰ ਯਾਦ ਕਰਨਾ ਹੈ। ਬਾਪ ਕਹਿੰਦੇ ਹਨ ਸਿਰਫ਼ ਇਕ ਮੈਨੂੰ ਯਾਦ ਕਰੋ। ਮੈਂ ਤੁਹਾਡੀਆਂ ਸਭ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਹਾਂ। ਤੁਸੀਂ ਸਿਰਫ ਮੈਨੂੰ ਯਾਦ ਕਰੋ। ਚਾਹੇ ਮਾਇਆ ਕਿੰਨਾ ਵੀ ਹੈਰਾਨ ਕਰੇ, ਫਿਰ ਵੀ ਯੁੱਧ ਹੈ ਨਾ। ਇਵੇਂ ਨਹੀਂ ਝੱਟ ਜਿੱਤ ਜਾਵਾਂਗੇ। ਇਸ ਵਕਤ ਤੱਕ ਕਿਸੇ ਨੇ ਵੀ ਮਾਇਆ ਤੇ ਜਿੱਤ ਨਹੀਂ ਪਾਈ ਹੈ, ਜਿੱਤ ਪਾਉਣ ਲਈ ਫਿਰ ਜਗਤ ਜਿੱਤ ਹੋਣਾ ਚਾਹੀਦਾ ਹੈ। ਗਾਉਂਦੇ ਹਨ ਮੈਂ ਗ਼ੁਲਾਮ, ਮੈਂ ਗ਼ੁਲਾਮ ਤੇਰਾ…। ਇਥੇ ਤਾਂ ਮਾਇਆ ਨੂੰ ਗੁਲਾਮ ਬਨਾਉਣਾ ਹੈ। ਉਥੇ ਵੀ ਕਦੇ ਦੁੱਖ ਨਹੀਂ ਦੇਵੇਗੀ। ਅੱਜਕਲ੍ਹ ਤਾਂ ਦੁਨੀਆਂ ਹੀ ਬੜੀ ਗੰਦੀ ਹੈ। ਇਕ ਦੋ ਨੂੰ ਦੁੱਖ ਦਿੰਦੇ ਹੀ ਰਹਿੰਦੇ ਹਨ ਤਾਂ ਕਿੰਨਾ ਮਿੱਠਾ ਬਾਬਾ ਹੈ, ਜਿਸ ਨੂੰ ਆਪਣੇ ਲਈ ਕੋਈ ਤਮੰਨਾ ਨਹੀਂ। ਅਜਿਹੇ ਬਾਪ ਨੂੰ ਯਾਦ ਨਹੀਂ ਕਰਦੇ ਜਾਂ ਕੋਈ ਕਹੇ ਮੈਂ ਸ਼ਿਵਬਾਬਾ ਨੂੰ ਮੰਨਦਾ ਹਾਂ, ਬ੍ਰਹਮਾ ਬਾਬਾ ਨੂੰ ਨਹੀਂ। ਪਰੰਤੂ ਇਹ ਦੋਵੇਂ ਇਕੱਠੇ ਹਨ, ਬਿਨਾ ਦਲਾਲ ਦੇ ਤਾਂ ਸੌਦਾ ਹੋ ਨਾ ਸਕੇ। ਬਾਬਾ ਦਾ ਰੱਥ ਹੈ, ਇਹਨਾ ਦਾ ਨਾਮ ਹੀ ਹੈ ਭਾਗਿਆਸ਼ਾਲੀ ਰੱਥ। ਇਹ ਵੀ ਜਾਣਦੇ ਹੋ ਸਭ ਤੋਂ ਨੰਬਰਵਨ ਉੱਚਾ ਹੈ ਇਹ। ਕਲਾਸ ਵਿੱਚ ਮਨੀਟਰ ਦਾ ਵੀ ਮਾਣ ਹੁੰਦਾ ਹੈ। ਰਿਗਾਰਡ ਰੱਖਦੇ ਹਨ। ਨੰਬਰਵਨ ਸਿੱਕੀਲਧਾ ਬੱਚਾ ਤਾਂ ਇਹ ਹੈ ਨਾ। ਉੱਥੇ ਵੀ ਸਾਰੇ ਰਾਜਿਆਂ ਨੇ ਇਨ੍ਹਾਂ ਦਾ (ਸ਼੍ਰੀ ਨਰਾਇਣ ਦਾ) ਮਾਣ ਰੱਖਣਾ ਹੈ। ਇਹ ਜਦੋਂ ਸਮਝਣ ਤਾਂ ਰਿਗਾਰਡ ਰੱਖਣ ਦੀ ਅਕਲ ਆਵੇ। ਇਥੇ ਜਦੋਂ ਰਿਗਾਰਡ ਰੱਖਣਾ ਸਿੱਖੋ ਤਾਂ ਉੱਥੇ ਵੀ ਰੱਖੋ। ਨਹੀਂ ਤਾਂ ਬਾਕੀ ਮਿਲੇਗਾ ਕੀ? ਸ਼ਿਵਬਾਬਾ ਨੂੰ ਯਾਦ ਵੀ ਨਹੀਂ ਕਰ ਸਕਦੇ। ਬਾਪ ਕਹਿੰਦੇ ਹਨ ਯਾਦ ਨਾਲ ਹੀ ਤੁਹਾਡਾ ਬੇੜਾ ਪਾਰ ਹੁੰਦਾ ਹੈ। ਬੇਹੱਦ ਦੀ ਰਾਜਾਈ ਦਿੰਦੇ ਹਨ। ਅਜਿਹੇ ਬਾਪ ਨੂੰ ਕਿੰਨਾ ਯਾਦ ਕਰਨਾ ਚਾਹੀਦਾ ਹੈ। ਅੰਦਰ ਵਿੱਚ ਕਿੰਨਾ ਲਵ ਹੋਣਾ ਚਾਹੀਦਾ ਹੈ। ਇਨ੍ਹਾਂ ਦਾ ਵੇਖੋ ਬਾਪ ਨਾਲ ਕਿੰਨਾ ਲਵ ਹੈ। ਲਵ ਹੋਵੇ ਤਾਂ ਹੀ ਤੇ ਸੋਨੇ ਦਾ ਬਰਤਨ ਬਣੇ, ਜਿਨ੍ਹਾਂ ਦਾ ਬਰਤਨ ਸੋਨੇ ਦਾ ਹੋਵੇਗਾ ਉਨ੍ਹਾਂ ਦੀ ਚਾਲ ਬੜੀ ਫ਼ਸਟਕਲਾਸ ਹੋਵੇਗੀ। ਡਰਾਮੇ ਅਨੁਸਾਰ ਰਾਜਧਾਨੀ ਸਥਾਪਨ ਹੋਣੀ ਹੈ। ਉਸ ਵਿੱਚ ਤਾਂ ਸਭ ਤਰ੍ਹਾਂ ਦੇ ਚਾਹੀਦੇ ਹਨ।

ਬਾਪ ਸਮਝਾਉਂਦੇ ਹਨ ਬੱਚੇ ਤੁਹਾਨੂੰ ਕਦੇ ਵੀ ਗੁੱਸਾ ਨਹੀਂ ਆਉਣਾ ਚਾਹੀਦਾ। ਸਮਝਣਾ ਚਾਹੀਦਾ ਹੈ ਕਿ ਜੇਕਰ ਅਸੀਂ ਸਰਵਿਸ ਨਹੀਂ ਕਰਦੇ ਤਾਂ ਮਤਲਬ ਸਮਾਂ ਖ਼ਰਾਬ ਕਰਦੇ ਰਹਿੰਦੇ ਹਾਂ। ਸ਼ਿਵਬਾਬਾ ਦੇ ਯੱਗ ਦੀ ਸੇਵਾ ਨਹੀਂ ਕਰਾਂਗੇ ਤਾਂ ਮਿਲੇਗਾ ਕੀ? ਸਰਵਿਸਏਬਲ ਹੀ ਉੱਚ ਪਦਵੀ ਪਾਉਣਗੇ। ਆਪਣੇ ਕਲਿਆਣ ਦਾ ਸ਼ੌਂਕ ਹੋਣਾ ਚਾਹੀਦਾ ਹੈ। ਨਹੀਂ ਕਰਦੇ ਤਾਂ ਪਦਵੀ ਭ੍ਰਸ਼ਟ ਕਰਦੇ। ਸਟੂਡੈਂਟ ਚੰਗਾ ਪੜ੍ਹਦੇ ਤਾਂ ਟੀਚਰ ਵੀ ਖੁਸ਼ ਹੁੰਦਾ ਹੈ, ਸੱਮਝਣਗੇ ਇਹ ਸਾਡਾ ਨਾਮ ਬਾਲਾ ਕਰਨਗੇ। ਇਨ੍ਹਾਂ ਦੇ ਕਾਰਣ ਸਾਨੂੰ ਇਜ਼ਾਫਾ ਮਿਲੇਗਾ। ਬਾਪ ਟੀਚਰ ਆਦਿ ਸਭ ਖੁਸ਼ ਹੋਣਗੇ। ਚੰਗੇ ਸਪੂਤ ਬੱਚਿਆਂ ਤੇ ਮਾਂ ਬਾਪ ਵੀ ਕੁਰਬਾਨ ਜਾਂਦੇ ਹਨ, ਜੋ ਬਹੁਤ ਅੱਛੀ ਸਰਵਿਸ ਕਰਦੇ ਹਨ ਤਾਂ ਬਾਪ ਵੀ ਸੁਣ ਕੇ ਖੁਸ਼ ਹੁੰਦੇ ਹਨ। ਜੋ ਬਹੁਤਿਆਂ ਦੀ ਸਰਵਿਸ ਕਰਦੇ ਹਨ, ਉਨ੍ਹਾਂ ਦਾ ਜ਼ਰੂਰ ਨਾਮ ਹੋਵੇਗਾ। ਉੱਚੀ ਪਦਵੀ ਵੀ ਉਹ ਹੀ ਪਾ ਸਕਣਗੇ। ਰਾਤ ਦਿਨ ਉਨ੍ਹਾਂ ਨੂੰ ਸਰਵਿਸ ਦਾ ਹੀ ਧਿਆਨ ਰਹਿੰਦਾ ਹੈ। ਖਾਣ ਪੀਣ ਦੀ ਵੀ ਪਰਵਾਹ ਨਹੀਂ ਕਰਦੇ। ਸਮਝਾਉਂਦੇ-ਸਮਝਾਉਂਦੇ ਗਲਾ ਤੱਕ ਸੁੱਕ ਜਾਂਦਾ ਹੈ। ਇਵੇਂ ਦੇ ਸਿੱਕੀਲਧੇ ਸਰਵਿਸਏਬਲ ਬੱਚਿਆਂ ਨੇ ਹੀ ਉਚੀ ਪਦਵੀ ਪਾਉਣੀ ਹੈ। ਇਹ ਤਾਂ 21 ਜਨਮਾਂ ਦੀ ਗੱਲ ਹੈ, ਉਹ ਵੀ ਕਲਪ ਕਲਪਾਂਤਰ ਦੇ ਲਈ। ਜਦੋਂ ਨਤੀਜਾ ਨਿਕਲੇਗਾ ਤਾਂ ਸੱਮਝਣਗੇ ਕਿ ਕਿਸ ਨੇ ਸਰਵਿਸ ਕੀਤੀ। ਕਿੰਨਿਆਂ ਨੂੰ ਰਸਤਾ ਦੱਸਿਆ। ਚਾਲ ਨੂੰ ਵੀ ਸੁਧਾਰਨਾ ਜਰੂਰੀ ਹੈ। ਮਹਾਂਰਥੀ, ਘੁੜ ਸਵਾਰ, ਪਿਆਦੇ ਨਾਮ ਤਾਂ ਹੈ ਨਾ। ਸਰਵਿਸ ਨਹੀਂ ਕਰਦੇ ਤੇ ਸਮਝਣਾ ਚਾਹੀਦਾ ਹੈ ਅਸੀਂ ਪਿਆਦੇ ਹਾਂ। ਐਸਾ ਕੋਈ ਨਾ ਸਮਝੇ, ਅਸੀਂ ਧਨ ਨਾਲ ਮਦਦ ਕੀਤੀ ਹੈ, ਇਸਲਈ ਸਾਡੀ ਪਦਵੀ ਉੱਚੀ ਹੋਵੇਗੀ। ਇਹ ਬਿਲਕੁੱਲ ਭੁੱਲ ਹੈ। ਸਾਰਾ ਮਦਾਰ ਸਰਵਿਸ ਅਤੇ ਪੜ੍ਹਾਈ ਤੇ ਹੈ। ਬਾਪ ਤਾਂ ਚੰਗੀ ਤਰ੍ਹਾਂ

ਸਮਝਾਉਂਦੇ ਰਹਿੰਦੇ ਹਨ ਕਿ ਬੱਚੇ ਪੜ੍ਹਕੇ ਉੱਚਾ ਪਦ ਪਾਓ। ਕਲਪ-ਕਲਪ ਦਾ ਖ਼ੁੱਦ ਨੂੰ ਘਾਟਾ ਨਾ ਪਾਓ। ਬਾਬਾ ਦੇਖਦੇ ਹਨ ਇਹ ਆਪਣੇ ਨੂੰ ਘਾਟਾ ਪਾ ਰਹੇ ਹਨ, ਇਨ੍ਹਾਂ ਨੂੰ ਪਤਾ ਨਹੀਂ ਚਲਦਾ, ਇਸ ਵਿੱਚ ਹੀ ਖੁਸ਼ ਹੋ ਜਾਂਦੇ ਹਨ ਕਿ ਅਸੀਂ ਪੈਸੇ ਦਿੱਤੇ ਹਨ ਇਸਲਈ ਮਾਲਾ ਵਿੱਚ ਨੇੜ੍ਹੇ ਆਵਾਂਗੇ। ਪਰੰਤੂ ਚਾਹੇ ਪੈਸਾ ਦਿੱਤਾ, ਲੇਕਿਨ ਨੋਲਜ਼ ਨਹੀਂ ਧਾਰਨ ਕੀਤੀ, ਯੋਗ ਵਿਚ ਨਹੀਂ ਰਹੇ ਤਾਂ ਉਹ ਕਿਸ ਕੰਮ ਦੇ! ਜੇਕਰ ਰਹਿਮ ਨਹੀਂ ਕਰਦੇ ਤਾਂ ਬਾਕੀ ਬਾਪ ਨੂੰ ਕੀ ਫਾਲੋ ਕਰਦੇ ਹਨ। ਬਾਪ ਤਾਂ ਆਏ ਹੀ ਹਨ ਬੱਚਿਆਂ ਨੂੰ ਗੁਲ - ਗੁਲ ਬਨਾਉਣ। ਜੋ ਬਹੁਤਿਆਂ ਨੂੰ ਗੁਲ- ਗੁਲ ਬਨਉਣਗੇ ਉਨ੍ਹਾਂ ਤੇ ਬਾਪ ਵੀ ਬਲਿਹਾਰ ਜਾਣਗੇ। ਸਥੂਲ ਸਰਵਿਸ ਵੀ ਬਹੁਤ ਹੈ। ਜਿਵੇਂ ਭੰਡਾਰੀ ਦੀ ਬਾਬਾ ਬਹੁਤ ਮਹਿਮਾ ਕਰਦੇ ਹਨ, ਉਨ੍ਹਾਂ ਨੂੰ ਬਹੁਤਿਆਂ ਦੀ ਅਸ਼ੀਰਵਾਦ ਮਿਲਦੀ ਹੈ। ਜੋ ਜਿੰਨੀ ਸਰਵਿਸ ਕਰਦੇ ਹਨ, ਉਹ ਆਪਣਾ ਹੀ ਕਲਿਆਣ ਕਰਦੇ ਹਨ, ਆਪਣੀਆਂ ਹੱਡੀਆਂ ਸਰਵਿਸ ਵਿਚ ਦਿੰਦੇ ਹਨ। ਆਪਣੀ ਹੀ ਕਮਾਈ ਕਰਦੇ ਹਨ। ਬਹੁਤ ਹੱਡੀ ਪਿਆਰ ਨਾਲ ਸਰਵਿਸ ਕਰਦੇ ਹਨ। ਜੋ ਖਟਪਟ ਕਰਦੇ ਹਨ ਉਹ ਆਪਣੀ ਹੀ ਤਕਦੀਰ ਖ਼ਰਾਬ ਕਰਦੇ ਹਨ। ਜਿਨ੍ਹਾਂ ਵਿੱਚ ਲੋਭ ਹੋਵੇਗਾ ਉਨ੍ਹਾਂ ਨੂੰ ਉਹ ਸਤਾਏਗਾ। ਤੁਸੀਂ ਸਾਰੇ ਵਾਣਪ੍ਰਸਥੀ ਹੋ, ਸਭ ਨੇ ਵਾਣੀ ਤੋਂ ਪਰੇ ਜਾਣਾ ਹੈ। ਆਪਣੇ ਤੋਂ ਪੁੱਛਣਾ ਚਾਹੀਦਾ ਹੈ ਸਾਰੇ, ਦਿਨ ਵਿੱਚ ਅਸੀਂ ਕਿੰਨੀ ਸਰਵਿਸ ਕਰਦੇ ਹਾਂ। ਕਈ ਬੱਚਿਆਂ ਨੂੰ ਤਾਂ ਸਰਵਿਸ ਤੋਂ ਬਿਨਾਂ ਸੁੱਖ ਨਹੀਂ ਆਉਂਦਾ। ਕੋਈ-ਕੋਈ ਨੂੰ ਗ੍ਰਹਿਚਾਰੀ ਬੈਠਦੀ ਹੈ- ਬੁੱਧੀ ਤੇ ਜਾਂ ਪੜ੍ਹਾਈ ਤੇ। ਬਾਬਾ ਤਾਂ ਸਭ ਨੂੰ ਇਕਰਸ ਪੜ੍ਹਾਉਂਦੇ ਹਨ। ਬੁੱਧੀ ਕਿਸੇ ਦੀ ਕਿਵੇਂ ਦੀ ਹੁੰਦੀ ਕੋਈ ਦੀ ਕਿਵੇਂ ਦੀ ਹੁੰਦੀ। ਫਿਰ ਵੀ ਪੁਰਸ਼ਾਰਥ ਤਾਂ ਕਰਨਾ ਚਾਹੀਦਾ ਹੈ। ਨਹੀਂ ਤਾਂ ਕਲਪ - ਕਲਪਾਂਤਰ ਦੀ ਪਦਵੀ ਅਜਿਹੀ ਹੋ ਜਾਵੇਗੀ। ਪਿਛਾੜੀ ਵਿੱਚ ਜਦੋਂ ਰਿਜ਼ਲਟ ਨਿਕਲੇਗਾ ਤਾਂ ਸਭ ਸਾਕਸ਼ਤਕਾਰ ਕਰਨਗੇ। ਸਾਕਸ਼ਤਕਾਰ ਕਰਕੇ ਫਿਰ ਟਰਾਂਸਫਰ ਹੋ ਜਾਣਗੇ। ਸ਼ਾਸਤਰਾਂ ਵਿੱਚ ਵੀ ਹੈ ਕਿ ਪਿਛਾੜੀ ਵਿਚ ਬੜਾ ਪਛਤਾਉਂਦੇ ਹਨ ਕਿ ਐਵੇਂ ਹੀ ਸਮਾਂ ਬਰਬਾਦ ਕੀਤਾ। ਕਲਪ - ਕਲਪਾਂਤਰ ਦਾ ਬਹੁਤ ਧੋਖਾ ਖਾਦਾ। ਬਾਪ ਤਾਂ ਸਾਵਧਾਨ ਕਰਦੇ ਰਹਿੰਦੇ ਹਨ। ਸ਼ਿਵਬਾਬਾ ਦੀ ਤਾਂ ਇਹ ਹੀ ਤਮੰਨਾ ਹੈ ਕਿ ਬੱਚੇ ਪੜ੍ਹ ਕੇ ਉੱਚ ਪਦਵੀ ਪਾਉਣ ਹੋਰ ਕੋਈ ਤਮੰਨਾ ਨਹੀਂ ਹੈ। ਉਨ੍ਹਾਂ ਦੇ ਕੰਮ ਦੀ ਵੀ ਕੋਈ ਚੀਜ਼ ਨਹੀਂ ਹੈ। ਬਾਪ ਸਮਝਾਉਂਦੇ ਹਨ ਕਿ ਬੱਚੇ ਅੰਤਰਮੁੱਖੀ ਬਣੋ। ਦੁਨੀਆਂ ਤਾਂ ਸਾਰੀ ਬਾਹਰਮੁੱਖੀ ਹੈ। ਤੁਸੀ ਹੋ ਅੰਤਰਮੁੱਖੀ। ਆਪਣੀ ਅਵੱਸਥਾ ਨੂੰ ਵੇਖਣਾਂ ਹੈ ਅਤੇ ਸੁਧਾਰਨ ਦਾ ਵੀ ਪੁਰਸ਼ਾਰਥ ਕਰਨਾ ਹੈ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਾਖ਼ਸ਼ੀ ਹੋਕੇ ਆਪਣੇ ਪਾਰਟ ਨੂੰ ਦੇਖੋ-ਅਸੀਂ ਚੰਗੀ ਤਰ੍ਹਾਂ ਪੜ੍ਹ ਕੇ ਦੂਸਰਿਆਂ ਨੂੰ ਪੜ੍ਹਾਉਂਦੇ ਹਾਂ ਜਾਂ ਨਹੀਂ? ਆਪ ਸਮਾਨ ਬਨਾਉਣ ਦੀ ਸੇਵਾ ਕਰਦੇ ਹਾਂ? ਆਪਣਾ ਸਮਾਂ ਦੁਨੀਆਵੀ ਗੱਲਾਂ ਵਿੱਚ ਬਰਬਾਦ ਨਾ ਕਰੋ।

2. ਅੰਤਰਮੁੱਖੀ ਬਣ ਆਪਣੇ ਆਪ ਨੂੰ ਸੁਧਾਰਨਾ ਹੈ। ਆਪਣੇ ਕਲਿਆਣ ਦਾ ਸ਼ੌਂਕ ਰੱਖਣਾ ਹੈ। ਸਰਵਿਸ ਵਿੱਚ ਬਿਜ਼ੀ ਰਹਿਣਾ ਹੈ। ਬਾਪ ਵਾਂਗੂੰ ਰਹਿਮਦਿਲ ਜਰੂਰ ਬਣਨਾ ਹੈ।

ਵਰਦਾਨ:- ਹਰ ਵੇਲੇ ਆਪਣੀ ਦ੍ਰਿਸ਼ਟੀ, ਵ੍ਰਿਤੀ, ਕ੍ਰਿਤੀ ਦਵਾਰਾ ਸੇਵਾ ਕਰਨ ਵਾਲੇ ਪੱਕੇ ਸੇਵਾਦਾਰੀ ਭਵ।

ਸੇਵਾਦਾਰੀ ਮਤਲਬ ਹਰ ਵੇਲੇ ਸ੍ਰੇਸ਼ਠ ਦ੍ਰਿਸ਼ਟੀ ਤੋਂ, ਵ੍ਰਿਤੀ ਤੋਂ, ਕ੍ਰਿਤੀ ਤੋਂ ਸੇਵਾ ਕਰਨ ਵਾਲੇ, ਜਿਸ ਨੂੰ ਵੀ ਸ੍ਰੇਸ਼ਠ ਦ੍ਰਿਸ਼ਟੀ ਨਾਲ ਵੇਖਦੇ ਹੋ ਤਾਂ ਉਹ ਦ੍ਰਿਸ਼ਟੀ ਵੀ ਸੇਵਾ ਕਰਦੀ ਹੈ। ਵ੍ਰਿਤੀ ਨਾਲ ਵਾਯੂਮੰਡਲ ਬਣਦਾ ਹੈ। ਕੋਈ ਵੀ ਕੰਮ ਯਾਦ ਵਿਚ ਰਹਿ ਕੇ ਕਰਦੇ ਹੋ ਤਾਂ ਵਾਯੂਮੰਡਲ ਸ਼ੁੱਧ ਬਣਦਾ ਹੈ। ਬ੍ਰਾਹਮਣ ਜੀਵਨ ਦਾ ਸਵਾਸ ਹੀ ਸੇਵਾ ਹੈ, ਜਿਵੇਂ ਸਵਾਸ ਨਾ ਚੱਲਣ ਨਾਲ ਮੁਰਛਿਤ ਹੋ ਜਾਂਦੇ ਹਨ ਇਵੇਂ ਬ੍ਰਾਹਮਣ ਆਤਮਾ ਸੇਵਾ ਵਿਚ ਬਿਜੀ ਨਹੀਂ ਤਾਂ ਮੁਰਛਿਤ ਹੋ ਜਾਂਦੀ ਹੈ ਇਸਲਈ ਜਿੰਨਾਂ ਸਨੇਹੀ, ਉਤਨਾ ਸਹਿਯੋਗੀ, ਉਤਨਾ ਹੀ ਸੇਵਾਦਾਰੀ ਬਣੋ।

ਸਲੋਗਨ:- ਸੇਵਾ ਨੂੰ ਖੇਲ ਸਮਝੋ ਤਾਂ ਥੱਕੋਗੇ ਨਹੀਂ, ਸਦਾ ਲਾਈਟ ਰਹੋਗੇ।

******

ਅਵਿਅਕਤੀ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਸਦਾ ਡਬਲ ਲਾਈਟ ਸਥਿਤੀ ਵਿਚ ਰਹਿਣ ਵਾਲੇ ਨਿਸ਼ਚੇ ਬੁੱਧੀ, ਨਿਸ਼ਚਿੰਤ ਹੋਣਗੇ। ਉੱਡਦੀ ਕਲਾ ਵਿਚ ਰਹਿਣਗੇ। ਉੱਡਦੀ ਕਲਾ ਮਤਲਬ ਉੱਚੇ ਤੋਂ ਉੱਚੀ ਸਥਿਤੀ। ਉਨ੍ਹਾਂ ਦੇ ਬੁੱਧੀ ਰੂਪੀ ਪੈਰ ਧਰਨੀ ਤੇ ਨਹੀਂ। ਧਰਨੀ ਮਤਲਬ ਦੇਹ - ਭਾਨ ਤੋਂ ਉੱਪਰ। ਜੋ ਦੇਹ - ਭਾਨ ਦੀ ਧਰਨੀ ਤੋਂ ਉੱਪਰ ਰਹਿੰਦੇ ਹਨ, ਉਹ ਸਦਾ ਫਰਿਸ਼ਤੇ ਹਨ। ਉਨ੍ਹਾਂ ਦੇ ਸੰਪਰਕ ਵਿੱਚ ਜੋ ਵੀ ਆਤਮਾ ਆਵੇਗੀ ਉਹ ਥੋੜੇ ਸਮੇਂ ਵਿੱਚ ਵੀ ਸ਼ੀਤਲਤਾ ਅਤੇ ਸ਼ਾਂਤੀ ਦੀ ਅਨੁਭੂਤੀ ਕਰੇਗੀ।